ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ
ਦਫ਼ਤਰ ਸਰਵ ਸਿਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,ਚੰਡੀਗੜ
ਫ਼ੋਨ ਨੰ : 0172-2623206,2623207

ਵੱਲ

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ)
ਪੰਜਾਬ

ਮੀਮੋ ਨੰ:- ਸਸਅ/2012/ਐਚਆਰ/8112। -8115।
ਮਿਤੀ: ਚੰਡੀਗੜ੍ਹ 18/06/12

ਵਿਸ਼ਾ:- MHRD ਦੀਆਂ ਹਦਾਇਤਾਂ ਅਨੁਸਾਰ ਬੀ.ਆਰ.ਪੀ./ਡੀ.ਆਰ.ਪੀ. (ਵਿਸ਼ਾ ਵਿਸ਼ੇਸ਼) ਰੱਖਣ ਲਈ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ MHRD ਦੀਆਂ ਹਦਾਇਤਾਂ ਅਤੇ AWP&B ਦੀਆਂ ਹਦਾਇਤਾਂ ਅਨੁਸਾਰ ਸਿੱਖਿਆ ਵਿਭਾਗ, ਐਸ.ਐਸ.ਏ. ਅਤੇ ਰਮਸਾ ਦੇ ਕੰਮ ਨੂੰ ਸੁਚਾਰੂ ਰੂਪ ਵਿੱਚ ਸਿਰੇ ਚੜਾਉਣ ਅਤੇ ਸਿੱਖਿਆ ਦੇ ਚੰਗੇ ਨਤੀਜੇ ਲਿਆਉਣ ਲਈ ਬੀ.ਆਰ.ਪੀ./ਡੀ.ਆਰ.ਪੀ. (ਵਿਸ਼ਾ ਵਿਸ਼ੇਸ਼) ਰੱਖਣ ਲਈ ਸਕੂਲਾਂ ਵਿੱਚ ਕੰਮ ਕਰਦੇ ਰੈਗੂਲਰ ਮਾਸਟਰ ਕੇਡਰ ਦੇ ਅਧਿਆਪਕ ਜਾਂ ਰੈਗੂਲਰ ਲੈਕਚਰਾਰ ਤੋਂ ਜ਼ਿਲ੍ਹਾ ਪੱਧਰ ਤੇ ਅਰਜੀਆਂ ਮੰਗੀਆਂ ਜਾਣ। ਇਨਾਂ ਉੱਕਤ ਬੀ.ਆਰ./ਡੀ.ਆਰ.ਪੀ. (ਵਿਸ਼ਾ ਵਿਸ਼ੇਸ਼) ਦੀ ਅਨੁਲੱਗ ਓ ਅਤੇ ਅਨੁਲੱਗ ੲ ਤੇ ਦਰਸਾਈ ਗਈ ਗਿਣਤੀ ਅਨੁਸਾਰ ਤਿੰਨ ਗੁਣਾ ਅਧਿਆਪਕਾਂ ਦੀ ਚੋਣ ਕਰਕੇ ਮਿਤੀ 25/06/2012 ਤੱਕ ਹੈੱਡ ਆਫਿਸ ਤੱਕ ਮੁਹੱਈਆ ਕਰਵਾਉਣ।

ਇਨ੍ਹਾਂ ਚੋਣ ਪ੍ਰਕ੍ਰਿਆ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ:-

(1) ਰੱਖੇ ਜਾਣ ਵਾਲੇ ਡੀ.ਆਰ.ਪੀ. ਦੀ ਅਰਜੀਆਂ ਅਨੁਲੱਗ ਸ ਤੇ ਦਰਸਾਏ ਬਿਨੈ ਪੱਤਰ ਤੇ ਲਈਆਂ ਜਾਣ।

(2) ਬਲਾਕ ਪੱਧਰ ਤੇ ਰੱਖੇ ਜਾਣ ਵਾਲੇ ਬੀ.ਆਰ.ਪੀਜ਼ ਦੀਆਂ ਅਰਜੀਆਂ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਪੱਧਰ ਤੇ ਮੰਗੀਆਂ ਜਾਣ।

(3) ਬਿਨੈਕਾਰ ਸਿੱਖਿਆ ਵਿਭਾਗ ਦਾ ਰੈਗੂਲਰ ਮਾਸਟਰ/ਲੈਕਚਰਾਰ ਕੇਡਰ ਦਾ ਹੋਣਾ ਚਾਹੀਦਾ ਹੈ।

(4) ਉਚੇਰੀ ਵਿੱਦਿਆ ਵਾਲੇ ਬਿਨੈਕਾਰ ਨੂੰ ਪਹਿਲ ਦਿੱਤੀ ਜਾਵੇਗੀ।

(5) ਸਟੇਟ ਐਵਾਰਡੀ/ਨੈਸ਼ਨਲ ਐਵਾਰਡੀ ਨੂੰ ਪਹਿਲ ਦਿੱਤੀ ਜਾਵੇ।

(6) ਸਰਵ ਸਿੱਖਿਆ ਅਭਿਆਨ/ਰਮਸਾ ਦੇ ਕੰਮਾਂ ਦੀ ਜਾਣਕਾਰੀ ਰੱਖਣ ਵਾਲੇ ਅਧਿਆਪਕਾਂ ਨੂੰ ਤਰਜੀਹ ਦਿੱਤੀ ਜਾਵੇ।

(7) ਬੀ.ਆਰ.ਪੀ./ਡੀ.ਆਰ.ਪੀ. ਬਿਨੈਕਾਰ ਨੂੰ ਕੰਪਿਊਟਰ ਤੇ ਕੰਮ ਕਰਨ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ।

(8) ਬੀ.ਆਰ.ਪੀ./ਡੀ.ਆਰ.ਪੀ. (ਵਿਸ਼ਾ ਵਿਸ਼ੇਸ਼) ਲਈ ਸਬੰਧਤ ਵਿਸ਼ੇ ਦਾ ਅਧਿਆਪਕ ਹੋਣਾ ਲਾਜ਼ਮੀ ਹੈ। ਜਿਵੇਂ ਕਿ ਮੈਥ (ਬੀ.ਆਰ.ਪੀ./ ਡੀ.ਆਰ.ਪੀ. ਮੈਥ ਵਿਸ਼ੇ ਦਾ ਅਧਿਆਪਕ ਹੋਣਾ ਚਾਹੀਦਾ ਹੈ।

(9) ਬੀ.ਆਰ.ਪੀ./ਡੀ.ਆਰ.ਪੀ. (ਪ੍ਰਾਇਮਰੀ ਐਜੂਕੇਸ਼ਨ) ਲਈ ਪ੍ਰਾਇਮਰੀ ਅਧਿਆਪਕ ਨੂੰ ਤਰਜੀਹ ਦਿੱਤੀ ਜਾਵੇ।

(10) ਡੀ.ਆਰ.ਪੀ./ਆਰ.ਟੀ.ਈ./ਕਮਿਊਨਟੀ ਮੋਬਾਲਾਈਜ਼ੇਸਨ/ਸੀ.ਸੀ.ਈ., ਬੀ.ਆਰ.ਪੀ./ਡੀ.ਆਰ.ਪੀ.(ਪ੍ਰਬੰਧਕੀ/ਕੋਆਰਡੀਨੇਸ਼ਨ/ਇਸਟੈਬਲਿਸਮੈਂਟ) ਡੀ.ਆਰ.ਪੀ. (ਸਿਵਲ ਵਰਕਸ/ਪਲਾਨਿੰਗ, ਐਮ.ਆਈ.ਐਸ.) ਲਈ ਮੁੱਖ ਵਿਸ਼ੇ ਗਣਿਤ, ਸਾਇੰਸ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਤੋਂ ਇਲਾਵਾ ਬਾਕੀ ਵਿਸ਼ਾ ਅਧਿਆਪਕਾਂ ਨੂੰ ਹੀ ਲਗਾਇਆ ਜਾਵੇ।

(11) ਸਮੂਹ ਬਿਨੈਕਾਰ ਦੀਆਂ ਅਰਜੀਆਂ ਦਾ ਬਕਾਇਦਾ ਰਿਕਾਰਡ ਜ਼ਿਲ੍ਹਾ ਪੱਧਰ ਤੇ ਰੱਖਿਆ ਜਾਵੇ।

(12) ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਏ.ਐਸ.ਪੀ.ਡੀ. (ਐਚ.ਆਰ.)
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ ਚੰਡੀਗੜ੍ਹ।